# ਪੰਜਾਬ ਸਕੂਲ ਸਿੱਖਿਆ ਬੋਰਡ

## ਪਬਲਿਕ ਨੋਟਿਸ

ਸਾਲ 2011-12 ਤੋਂ ਜਿਹਨਾਂ ਸੰਸਥਾਵਾਂ ਨੂੰ ਅੱਠਵੀ, ਦਸਵੀਂ ਅਤੇ ਬਾਰਵੀਂ ਸ਼੍ਰੇਣੀ ਲਈ ਐਸੋਸੀਏਸ਼ਨ ਦਿੱਤੀ ਗਈ ਹੈ, ਉਹ ਸੰਸਥਾਵਾਂ ਆਪਣੀ ਸੰਸਥਾ ਨਾਲ ਸਬੰਧਤ ਐਸੋਸੀਏਟ ਪੱਤਰ ਬੋਰਡ ਦੀ ਵੈਬ ਸਾਈਟ www.pseb.ac.in ਤੋ ਸਕੂਲ ਐਸੋਸੀਏਸ਼ਨ ਸੈਕਸ਼ਨ ਦੇ ਅਧੀਨ ਆਪਣੀ ਸੰਸਥਾ ਦਾ ਨਾਂ ਜਾਂ ਫਾਰਮ ਵਿੱਚ ਭਰਿਆ ਫੋਨ/ ਮੋਬਾਇਲ ਨੰਬਰ ਭਰਕੇ Download ਕਰ ਸਕਦੇ ਹਨ। ਐਸੋਸੀਏਟ ਪੱਤਰ ਵੱਖਰੇ ਤੌਰ ਤੇ ਰਜਿਸਟਰ ਡਾਕ ਰਾਹੀਂ ਵੀ ਭੇਜੇ ਜਾ ਰਹੇ ਹਨ। ਜਿਹਨਾ ਸੰਸਥਾਵਾਂ ਨੂੰ ਦਸਵੀਂ/ਬਾਰਵੀਂ ਸ਼੍ਰੇਣੀ ਲਈ ਐਸੋਸੀਏਟ ਦਿੱਤੀ ਗਈ ਹੈ, ਉਹਨਾਂ ਸੰਸਥਾਵਾਂ ਲਈ ਨੌਵੀਂ ਤੋਂ ਬਾਰਵੀਂ ਸ਼੍ਰੇਣੀ ਤੱਕ ਰਜਿਸਟਰੇਸ਼ਨ ਰਿਟਰਨ/ਕੰਨਟੀਨਿਊਸ਼ਨ ਰਿਟਰਨ ਅਤੇ ਦਸਵੀਂ/ਬਾਰਵੀਂ ਸ਼੍ਰੇਣੀ ਲਈ ਪ੍ਰੀਖਿਆ ਫਾਰਮ ਅਤੇ ਫੀਸ ਖੇਤਰੀ ਦਫਤਰ ਵਿੱਚ ਜਮ੍ਹਾਂ ਕਰਵਾਉਣ ਸਬੰਧੀ ਮਿਤੀਆਂ ਹੇਠ ਲਿਖੇ ਅਨੁਸਾਰ ਹਨ:-

| **ਰਜਿਸਟ੍ਰੇਸ਼ਨ ਰਿਟਰਨ/ਕੰਨਟੀਨਿਊਸ਼ਨ ਰਿਟਰਨ** | ਮੁੱਖ ਰਿਟਰਨ ਬਿਨ੍ਹਾਂ ਲੇਟ ਫੀਸ | ਮੁੱਖ ਰਿਟਰਨ 100/-ਰੁ: ਪ੍ਰਤੀ ਵਿਦਿਆਰਥੀ ਲੇਟ ਫੀਸ ਅਤੇ 2000/- ਜੁਰਮਾਨਾ ਰਾਸ਼ੀ ਸਹਿਤ | ਇੱਕਾ ਦੁੱਕਾ ਵਿਦਿਆਰਥੀਆਂ ਦੀ ਸਪਲੀਮੈਂਟਰੀ ਰਿਟਰਨ 100/-ਰੁ: ਲੇਟ ਫੀਸ ਪ੍ਰਤੀ ਵਿਦਿਆਰਥੀ 500/-ਰੁ: ਜੁਰਮਾਨਾ ਰਾਸ਼ੀ ਸਾਹਿਤ। |
|---|---|---|---|
| **ਨੌਂਵੀ, ਦਸਵੀਂ, ਗਿਆਰਵੀਂ ਅਤੇ ਬਾਰਵੀਂ** | 7-7-2011 | 14-7-2011 | 14-7-2011 |

| **ਪਰੀਖਿਆ ਫਾਰਮ** | ਸਮੈਸਟਰ-1 | | | | ਸਮੈਸਟਰ-2 | | | |
|---|---|---|---|---|---|---|---|---|
| | ਬਿਨ੍ਹਾਂ ਲੇਟ ਫੀਸ | 200/-ਰੁ: ਲੇਟ ਫੀਸ ਨਾਲ (ਪ੍ਰਤੀ ਪ੍ਰੀਖਿਆਰਥੀ) | 500/- ਰੁ: ਲੇਟ ਫੀਸ ਨਾਲ (ਪ੍ਰਤੀ ਪ੍ਰੀਖਿਆਰਥੀ) | 20000/- ਰੁ: ਪ੍ਰਤੀ ਸਕੂਲ ਜੁਰਮਾਨੇ ਸਹਿਤ (ਚੇਅਰਮੈਨ ਸਾਹਿਬ ਦੀ ਪ੍ਰਵਾਨਗੀ ਨਾਲ) | ਬਿਨ੍ਹਾਂ ਲੇਟ ਫੀਸ | 200/-ਰੁ: ਲੇਟ ਫੀਸ ਨਾਲ (ਪ੍ਰਤੀ ਪ੍ਰੀਖਿਆਰਥੀ) | 500/- ਰੁ: ਲੇਟ ਫੀਸ ਨਾਲ (ਪ੍ਰਤੀ ਪ੍ਰੀਖਿਆਰਥੀ) | 20000/- ਰੁ: ਪ੍ਰਤੀ ਸਕੂਲ ਜੁਰਮਾਨੇ ਸਹਿਤ (ਚੇਅਰਮੈਨ ਸਾਹਿਬ ਦੀ ਪ੍ਰਵਾਨਗੀ ਨਾਲ) |
| **ਦਸਵੀਂ ਸ਼੍ਰੇਣੀ** | 7-7-2011 | 14-7-2011 | 21-7-2011 | 28-7-2011 | 16-11-2011 | 28-11-2011 | 09-12-2011 | 30-12-2011 |
| **ਬਾਰਵੀਂ ਸ਼੍ਰੇਣੀ** | 11-7-2011 | 18-7-2011 | 25-7-2011 | 1-8-2011 | 18-11-2011 | 28-11-2011 | 09-12-2011 | 30-12-2011 |

ਸਬੰਧਤ ਸੰਸਥਾਵਾਂ ਰਜਿਸਟ੍ਰੇਸ਼ਨ ਰਿਟਰਨ ਦੇ ਪ੍ਰੋਫਾਰਮੇ ਬੋਰਡ ਦੀ ਵੈਬ ਸਾਈਟ ਤੋਂ ਸਕੂਲ ਐਸੋਸੀਏਸ਼ਨ ਸੈਕਸ਼ਨ ਅਧੀਨ Download ਕਰ ਸਕਦੀਆਂ ਹਨ ਅਤੇ ਪ੍ਰੀਖਿਆ ਫਾਰਮ ਆਪਣੇ ਜਿਲ੍ਹੇ ਦੇ ਸਬੰਧਤ ਖੇਤਰੀ ਦਫਤਰ ਤੋਂ ਮਿਤੀ 22-6-2011 ਤੋਂ 24-6-2011 ਤੱਕ ਪ੍ਰੀਖਿਆਰਥੀਆਂ ਦੀ ਗਿਣਤੀ ਅਤੇ ਐਸੋਸੀਏਟ ਪੱਤਰ ਦਿਖਾ ਕੇ ਪ੍ਰਾਪਤ ਕਰ ਸਕਦੇ ਹਨ। ਜਿਹਨਾਂ ਐਸੋਸੀਏਟ ਸੰਸਥਾਵਾਂ ਦੇ ਦਸਵੀਂ ਅਤੇ ਬਾਰਵੀਂ ਸ਼੍ਰੇਣੀ (ਪ੍ਰਤੀ ਗਰੁੱਪ) ਵਿੱਚ ਪ੍ਰੀਖਿਆਰਥੀਆਂ ਦੀ ਗਿਣਤੀ 20 ਤੋਂ ਘੱਟ ਹੈ, ਉਹ ਸੰਸਥਾਵਾਂ 200 ਰੁ: ਪ੍ਰਤੀ ਪ੍ਰੀਖਿਆਰਥੀ ਦੇ ਹਿਸਾਬ ਨਾਲ ਬਣਦੀ ਫੀਸ ਵੀ ਵੱਖਰੇ ਤੌਰ ਤੇ ਖੇਤਰੀ ਦਫਤਰ ਵਿਖੇ ਹੀ ਜਮ੍ਹਾਂ ਕਰਵਾਉਣਗੇ।

**ਜ਼ਰੂਰੀ ਨੋਟ:-**

1. ਪਰੀਖਿਆ ਫਾਰਮ/ਫੀਸਾਂ ਭਰਨ ਸਬੰਧੀ ਵੇਰਵੇ ਪਰੀਖਿਆ ਫਾਰਮਾਂ ਦੀ Booklet ਵਿੱਚ ਦਿੱਤੇ ਗਏ ਹਨ।
2. ਰਜਿਸਟ੍ਰੇਸ਼ਨ ਰਿਟਰਨ/ਕੰਨਟੀਨਿਊਸ਼ਨ ਰਿਟਰਨ ਸਬੰਧੀ ਫੀਸਾਂ ਸਬੰਧਤ ਰਿਟਰਨ ਫਾਰਮਾਂ ਤੇ ਦਰਸਾਈਆਂ ਗਈਆਂ ਹਨ।
3. ਦੋਵੇਂ ਸਮੈਸਟਰਾਂ ਲਈ ਇੱਕ ਪਰੀਖਿਆ ਫਾਰਮ ਭਰਿਆ ਜਾਵੇਗਾ।
4. ਜੇਕਰ ਆਖਰੀ ਮਿਤੀ ਨੂੰ ਛੁੱਟੀ ਦਾ ਦਿਨ ਹੋਵੇ ਤਾਂ ਉਸ ਤੋਂ ਬਾਅਦ ਕੰਮ ਵਾਲਾ ਦਿਨ ਆਖਰੀ ਮਿਤੀ ਵਾਲਾ ਦਿਨ ਮੰਨਿਆ ਜਾਵੇਗਾ।
5. ਪਰੀਖਿਆ ਫੀਸ ਦੀਆਂ ਮਿਤੀਆਂ ਵਿੱਚ ਕਿਸੇ ਸਟੇਜ ਤੇ ਕੋਈ ਗਰੇਸ ਦਾ ਲਾਭ ਨਹੀ ਹੈ।
6. 500/- ਰੁ: ਲੇਟ ਫੀਸ ਤੱਕ ਪਰੀਖਿਆ ਫਾਰਮ ਅਤੇ ਫੀਸਾਂ ਬੋਰਡ ਦੇ ਖੇਤਰੀ ਦਫਤਰਾਂ ਵਿਖੇ ਜਮ੍ਹਾਂ ਕਰਵਾਈ ਜਾ ਸਕਦੀਆਂ ਹਨ। ਇਸ ਤੋਂ ਬਾਅਦ ਪਰੀਖਿਆ ਫਾਰਮ ਅਤੇ ਫੀਸਾਂ ਕੇਵਲ ਬੋਰਡ ਦੇ ਮੁੱਖ ਦਫਤਰ ਵਿਖੇ ਹੀ ਪ੍ਰਾਪਤ ਕੀਤੀਆਂ ਜਾਣਗੀਆਂ।
7. ਐਸੋਸੀਏਟ ਸੰਸਥਾਵਾਂ ਐਸੋਸੀਏਟ ਪੱਤਰ ਵਿੱਚ ਦਿੱਤੀਆਂ ਹਦਾਇਤਾਂ ਦੀਆਂ ਇੰਨ ਬਿੰਨ ਪਾਲਣਾ ਕਰਨਗੀਆਂ।

ਸਕੱਤਰ/ਵਾਈਸ ਚੇਅਰਮੈਨ